**Media Release**

ਤੁਰੰਤ ਰਿਲੀਜ ਲਈ

# ਕਿਵੇਂ ਜਾਣੋ ਕਿ ਕਿਹੜੀ ਮਦਦ ਲਈ, ਕਿਸ ਨੰਬਰ ਤੇ ਫੋਨ ਕਰਨਾ ਹੈ

*ਲੋੜਵੰਦ ਨਿਵਾਸੀ 311, 211 ਅਤੇ 9-1-1 ਤੇ ਫੋਨ ਕਰ ਸਕਦੇ ਹਨ*

ਬ੍ਰੈਂਪਟਨ, ਓਨਟੈਰੀਓ (16 ਦਸੰਬਰ, 2020) – ਬ੍ਰੈਂਪਟਨ ਦੇ ਨਿਵਾਸੀਆਂ ਵਾਸਤੇ, ਲੋੜ ਦੇ ਸਮੇਂ ਲਈ ਕਈ ਤਰ੍ਹਾਂ ਦੀਆਂ ਸੇਵਾਵਾਂ ਉਪਲਬਧ ਹਨ। ਪਰ ਕਦੇ-ਕਦਾਈਂ ਇਹ ਸਮਝਣਾ ਮੁਸ਼ਕਲ ਹੋ ਸਕਦਾ ਹੈ ਕਿ ਕਿੱਥੇ ਫੋਨ ਕੀਤਾ ਜਾਵੇ। ਬ੍ਰੈਂਪਟਨ ਵਾਸੀਆਂ ਨੂੰ ਭਾਵੇਂ ਮਿਊਨਿਸਿਪਲ ਸਬੰਧੀ, ਸਮਾਜਿਕ ਜਾਂ ਐਮਰਜੈਂਸੀ ਸਹਾਇਤਾ ਦੀ ਲੋੜ ਹੋਵੇ, 311, 211 ਅਤੇ 9-1-1 ਮਦਦ ਲਈ ਮੌਜੂਦ ਹਨ।

**311**

ਸਾਰੀ ਗੈਰ-ਐਮਰਜੈਂਸੀ ਮਿਊਨਿਸਿਪਲ ਸਰਕਾਰੀ ਜਾਣਕਾਰੀ, ਸਿਟੀ ਆਫ ਬ੍ਰੈਂਪਟਨ ਅਤੇ ਰੀਜਨ ਆਫ ਪੀਲ (Region of Peel) ਵੱਲੋਂ ਪ੍ਰਦਾਨ ਕੀਤੇ ਜਾਂਦੇ ਪ੍ਰੋਗਰਾਮਾਂ ਅਤੇ ਸੇਵਾਵਾਂ ਤੱਕ ਸਧਾਰਨ ਅਤੇ ਸਿੱਧੀ ਪਹੁੰਚ ਲਈ, ਨਿਵਾਸੀ 311 ਤੇ ਸੰਪਰਕ ਕਰ ਸਕਦੇ ਹਨ। 311 ਦੀਆਂ ਸੇਵਾਵਾਂ ਵਿੱਚ ਸ਼ਾਮਲ ਹਨ:

- ਸਿਟੀ ਦੇ ਪਲੋ ਟ੍ਰੈਕਰ ਅਤੇ ਸਨੋ ਹਟਾਉਣ ਬਾਰੇ ਜਾਣਕਾਰੀ
- ਪਾਰਕਿੰਗ ਸੇਵਾਵਾਂ ਅਤੇ ਮੋਬਾਈਲ ਲਾਇਸੈਂਸਿੰਗ
- ਪ੍ਰਾਪਰਟੀ ਸਬੰਧੀ ਮੁੱਦੇ ਅਤੇ ਬਾਇ-ਲਾਅ ਲਾਗੂਕਰਣ, ਕੋਵਿਡ-19 (COVID-19) ਸਬੰਧੀ ਮੁੱਦਿਆਂ ਸਮੇਤ
- ਸੜਕਾਂ ਅਤੇ ਸਾਈਡਵਾਕਸ
- ਐਨੀਮਲ ਸਰਵਿਸਿਜ

ਦਸੰਬਰ 2019 ਵਿੱਚ, ਸਿਟੀ ਆਫ ਬ੍ਰੈਂਪਟਨ ਨੇ ਨਵੇਂ ਬ੍ਰੈਂਪਟਨ 311 (Brampton 311) ਮੋਬਾਈਲ ਐਪ ਅਤੇ ਵੈਬਸਾਈਟ, 311Brampton.ca ਦੀ ਸ਼ੁਰੂਆਤ ਕੀਤੀ ਸੀ, ਤਾਂ ਜੋ ਮਿਊਨਿਸਿਪਲ ਸੇਵਾਵਾਂ ਅਤੇ ਜਾਣਕਾਰੀ ਤੱਕ ਪਹੁੰਚ ਨੂੰ ਵੱਧ ਅਸਾਨ ਬਣਾਇਆ ਜਾ ਸਕੇ। ਨਵੀਂ ਵੈਬਸਾਈਟ ਅਤੇ ਐਪ ਦੇ ਨਾਲ, ਨਿਵਾਸੀ ਆਪਣੇ ਸਮਾਰਟਫੋਨ ਤੋਂ, ਔਨਲਾਈਨ ਜਾਂ 311 ਤੇ ਫੋਨ ਕਰਕੇ ਜਲਦੀ ਅਤੇ ਅਸਾਨੀ ਨਾਲ ਸਰਵਿਸ ਬ੍ਰੈਂਪਟਨ (Service Brampton) ਤੱਕ ਪਹੁੰਚ ਸਕਦੇ ਹਨ। ਨਿਵਾਸੀ ਸੇਵਾ ਬੇਨਤੀਆਂ ਪ੍ਰਸਤੁਤ ਅਤੇ ਟ੍ਰੈਕ ਕਰ ਸਕਦੇ ਹਨ, ਭਾਈਚਾਰੇ ਵਿੱਚ ਕਿਰਿਆਸ਼ੀਲ ਸੇਵਾ ਬੇਨਤੀਆਂ ਦੀ ਪੜਚੋਲ ਕਰ ਸਕਦੇ ਹਨ ਅਤੇ ਮਿਊਨਿਸਿਪਲ ਸੇਵਾਵਾਂ ਬਾਰੇ ਹੋਰ ਜਾਣ ਸਕਦੇ ਹਨ।

ਗਾਹਕ ਸੇਵਾ ਦਿਨ ਵਿੱਚ 24 ਘੰਟੇ, ਹਫ਼ਤੇ ਵਿੱਚ ਸੱਤ ਦਿਨ, 150 ਤੋਂ ਵੱਧ ਭਾਸ਼ਾਵਾਂ ਵਿੱਚ ਉਪਲਬਧ ਹੈ।

ਬ੍ਰੈਂਪਟਨ 311 ਐਪ ਹੁਣ, Google Play (ਗੂਗਲ ਪਲੇ) ਅਤੇ ਐਪ ਸਟੋਰ (App Store) ਤੇ ਡਾਊਨਲੋਡ ਲਈ ਉਪਲਬਧ ਹੈ।

**211**

211 ਇੱਕ ਮੁਫ਼ਤ ਅਤੇ ਗੁਪਤ ਸੇਵਾ ਹੈ, ਜੋ ਵਿਅਕਤੀਆਂ ਅਤੇ ਪਰਿਵਾਰਾਂ ਨੂੰ, ਉਹਨਾਂ ਦੇ ਭਾਈਚਾਰਿਆਂ ਵਿੱਚ ਹਰ ਤਰ੍ਹਾਂ ਦੀਆਂ ਸਰਕਾਰੀ, ਸਿਹਤ ਸਬੰਧੀ, ਭਾਈਚਾਰਕ ਅਤੇ ਸਮਾਜਿਕ ਸੇਵਾਵਾਂ ਨਾਲ ਜੋੜਦੀ ਹੈ। ਨਿਵਾਸੀ, ਹੇਠਾਂ ਲਿਖੇ ਕੰਮਾਂ ਬਾਰੇ ਜਾਣਕਾਰੀ ਅਤੇ ਰੈਫਰਲ ਵਾਸਤੇ 211 ਤੇ ਸੰਪਰਕ ਕਰ ਸਕਦੇ ਹਨ:

- ਸਿਹਤ ਸੇਵਾਵਾਂ ਅਤੇ ਮਾਨਸਿਕ ਸਿਹਤ ਸਬੰਧੀ ਮਦਦ

- ਆਮਦਨੀ ਸਬੰਧੀ ਮਦਦ ਅਤੇ ਆਰਥਿਕ ਸਹਾਇਤਾ
- ਫੂਡ ਬੈਂਕ ਅਤੇ ਭੋਜਨ ਸਬੰਧੀ ਪ੍ਰੋਗਰਾਮ
- ਘਰ ਸਬੰਧੀ ਮਦਦ
- ਬਜ਼ੁਰਗਾਂ ਦੀ ਮਦਦ ਸਬੰਧੀ ਸੇਵਾਵਾਂ

211 ਤੱਕ, 211 ਤੇ ਫੋਨ ਕਰਕੇ, ਔਨਲਾਈਨ (online), 21166 ਤੇ ਟੈਕਸਟ ਸੁਨੇਹਾ ਭੇਜ ਕੇ, ਲਾਈਵ ਚੈਟ (live chat) ਦੁਆਰਾ ਜਾਂ gethelp@211Ontario.ca ਤੇ ਈਮੇਲ ਕਰਕੇ ਪਹੁੰਚਿਆ ਜਾ ਸਕਦਾ ਹੈ।

**9-1-1**

9-1-1, ਸਿਰਫ਼ ਐਮਰਜੈਂਸੀ ਵਾਸਤੇ ਹੈ। ਇਹ ਐਮਰਜੈਂਸੀ ਟੈਲੀਫੋਨ ਨੰਬਰ ਹੈ, ਜੋ ਨਿਵਾਸੀਆਂ ਨੂੰ ਕਿਸੇ ਐਮਰਜੈਂਸੀ ਸਥਿਤੀ ਵਿੱਚ, ਐਂਬੂਲੈਂਸ, ਪੁਲਿਸ ਜਾਂ ਫਾਇਰ ਵਿਭਾਗ ਨਾਲ ਜੋੜਦਾ ਹੈ। 9-1-1 ਤੇ ਫੋਨ ਕਰਕੇ ਨਿਵਾਸੀਆਂ ਨੂੰ, ਐਮਰਜੈਂਸੀ ਸੇਵਾਵਾਂ ਤੱਕ ਪਹੁੰਚਣ ਵਿੱਚ ਮਦਦ ਮਿਲਦੀ ਹੈ, ਜਦੋਂ ਉਹਨਾਂ ਨੂੰ ਤੁਰੰਤ ਸਹਾਇਤਾ ਦੀ ਲੋੜ ਹੁੰਦੀ ਹੈ।

ਐਮਰਜੈਂਸੀ, ਕੋਈ ਵੀ ਉਹ ਸਥਿਤੀ ਹੁੰਦੀ ਹੈ, ਜਦੋਂ ਲੋਕਾਂ ਜਾਂ ਪ੍ਰਾਪਰਟੀ ਦੀ ਸੁਰੱਖਿਆ ਨੂੰ ਜੋਖਮ ਹੋਵੇ ਅਤੇ ਤੁਰੰਤ ਸਹਾਇਤਾ ਦੀ ਲੋੜ ਹੋਵੇ। 9-1-1 ਐਮਰਜੈਂਸੀ ਦੀਆਂ ਸਥਿਤੀਆਂ ਦੇ ਉਦਾਹਰਨਾਂ ਵਿੱਚ ਸ਼ਾਮਲ ਹਨ: ਅੱਗ ਲੱਗਣਾ, ਕੋਈ ਅਪਰਾਧ ਹੋ ਰਿਹਾ ਹੋਵੇ ਜਾਂ ਮੈਡੀਕਲ ਐਮਰਜੈਂਸੀ ਹੋਵੇ।

ਜਦੋਂ ਨਿਵਾਸੀ 9-1-1 ਡਾਇਲ ਕਰਦੇ ਹਨ, ਤਾਂ ਉਹਨਾਂ ਦੀ ਫੋਨ ਕਾੱਲ ਦਾ ਜਵਾਬ ਪੇਸ਼ੇਵਰ ਤੌਰ ਤੇ ਕੁਸ਼ਲ, ਐਮਰਜੈਂਸੀ ਕਮਿਊਨਿਕੇਟਰ (Emergency Communicator) ਵੱਲੋਂ ਦਿੱਤਾ ਜਾਂਦਾ ਹੈ, ਜੋ ਉਹਨਾਂ ਨੂੰ ਐਂਬੂਲੈਂਸ, ਪੁਲਿਸ ਜਾਂ ਫਾਇਰ ਵਿਭਾਗ ਨਾਲ ਜੋੜੇਗਾ।

ਜੇਕਰ ਕੋਈ ਨਿਵਾਸੀ 9-1-1 ਤੇ ਫੋਨ ਕਰੇ ਅਤੇ ਕਮਿਊਨਿਕੇਟਰ ਨਾਲ ਗੱਲ ਨਾ ਕਰ ਸਕੇ ਜਾਂ ਉਸਦੀ ਗੱਲ ਨਾ ਸਮਝ ਸਕੇ, ਤਾਂ ਇਸ ਵਾਸਤੇ 9-1-1 ਟੈਲੀਫੋਨ ਸਿਸਟਮ ਵਿੱਚ ਇੱਕ ਆਟੋਮੈਟਿਕ ਲੋਕੇਸ਼ਨ ਆਇਡੈਂਟਿਫਿਕੇਸ਼ਨ ਸਿਸਟਮ (Automatic Location Identification System) ਅਤੇ ਆਟੋਮੈਟਿਕ ਨੰਬਰ ਆਇਡੈਂਟਿਫਿਕੇਸ਼ਨ ਸਿਸਟਮ (Automatic Number Identification System) ਹੁੰਦਾ ਹੈ। ਜਦੋਂ ਹੀ ਨਿਵਾਸੀ 9-1-1 ਤੇ ਫੋਨ ਕਰਦੇ ਹਨ, ਤਾਂ ਇਹ ਸਿਸਟਮ, ਐਮਰਜੈਂਸੀ ਕਮਿਊਨਿਕੇਟਰ ਨੂੰ ਕਾੱਲਰ ਦਾ ਪਤਾ ਅਤੇ ਟੈਲੀਫੋਨ ਨੰਬਰ ਦੱਸਦੇ ਹਨ। ਹੋ ਸਕਦਾ ਹੈ ਕਿ ਇਹ ਵਿਸ਼ੇਸ਼ਤਾ ਕੁਝ ਸੈੱਲ ਫੋਨਾਂ ਨਾਲ ਉਪਲਬਧ ਨਾ ਹੋਵੇ, ਹਾਲਾਂਕਿ, ਇਸ ਵੇਲੇ ਇਸਦੀਆਂ ਪ੍ਰਕਿਰਿਆਵਾਂ ਕੀਤੀਆਂ ਜਾ ਰਹੀਆਂ ਹਨ, ਤਾਂ ਜੋ ਕਮਿਊਨਿਕੇਟਰ, ਵੱਧ ਸ਼ੁੱਧਤਾ ਦੇ ਨਾਲ ਜ਼ਿਆਦਾਤਰ ਸੈੱਲ ਫੋਨਾਂ ਤੋਂ ਕਾਲਾਂ ਦਾ ਪਤਾ ਲਗਾ ਸਕਣ।

**ਹਵਾਲੇ**

"ਬ੍ਰੈਂਪਟਨ, ਸਿਹਤਮੰਦ ਅਤੇ ਸੁਰੱਖਿਅਤ ਸ਼ਹਿਰ ਹੈ। 211 ਅਤੇ 9-1-1 ਤੇ ਸਾਡੇ ਭਾਈਵਾਲਾਂ ਦੇ ਨਾਲ ਇਕੱਠੇ ਮਿਲ ਕੇ, ਅਸੀਂ ਲੋੜ ਦੇ ਸਮੇਂ ਨਿਵਾਸੀਆਂ ਦੀ ਮਦਦ ਲਈ ਮੌਜੂਦ ਹਾਂ। ਇਹ ਪਿਛਲਾ ਸਾਲ, ਸਾਡੇ ਭਾਈਚਾਰੇ ਲਈ ਬਹੁਤ ਜ਼ਿਆਦਾ ਮੁਸ਼ਕਲ ਰਿਹਾ ਹੈ, ਪਰੰਤੂ ਮਦਦ ਹਮੇਸ਼ਾ ਉਪਲਬਧ ਹੈ। ਇਹ ਜਾਣਨਾ ਕਿ ਕਿਸਨੂੰ ਸੰਪਰਕ ਕੀਤਾ ਜਾਵੇ, ਸਹਾਇਤਾ ਪ੍ਰਾਪਤ ਕਰਨ ਲਈ ਇੱਕ ਮਹੱਤਵਪੂਰਣ ਕਦਮ ਹੈ। ਤੁਹਾਨੂੰ ਭਾਵੇਂ ਮਿਊਨਿਸਿਪਲ, ਸਮਾਜਿਕ ਜਾਂ ਐਮਰਜੈਂਸੀ ਸੇਵਾਵਾਂ ਦੀ ਲੋੜ ਹੋਵੇ, ਅਸੀਂ ਤੁਹਾਡੀ ਮਦਦ ਲਈ ਮੌਜੂਦ ਹਾਂ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਸਾਡੇ ਭਾਈਚਾਰੇ ਦੀ ਸਿਹਤ ਅਤੇ ਸਲਾਮਤੀ, ਸਿਟੀ ਆਫ ਬ੍ਰੈਂਪਟਨ ਵਿਖੇ ਸਾਡੇ ਲਈ ਸਭ ਤੋਂ ਵੱਧ ਮਹੱਤਵਪੂਰਣ ਹੈ। ਸਾਰੀ ਗੈਰ-ਐਮਰਜੈਂਸੀ ਮਿਊਨਿਸਿਪਲ ਜਾਣਕਾਰੀ, ਪ੍ਰੋਗਰਾਮਾਂ ਅਤੇ ਸੇਵਾਵਾਂ ਲਈ, ਸਰਵਿਸ ਬ੍ਰੈਂਪਟਨ ਦੇ ਸਟਾਫ਼ ਨੂੰ ਕਿਸੇ ਵੀ ਵੇਲੇ ਸੰਪਰਕ ਕੀਤਾ ਜਾ ਸਕਦਾ ਹੈ। 211 ਅਤੇ 9-1-1 ਤੇ ਸਾਡੇ ਭਾਈਵਾਲਾਂ ਦੇ ਨਾਲ ਇਕੱਠੇ ਮਿਲ ਕੇ, ਕੋਈ ਨਾ ਕੋਈ, ਲੋੜ ਪੈਣ ਦੇ ਸਮੇਂ ਸਾਡੇ ਨਿਵਾਸੀਆਂ ਦੀ ਮਦਦ ਲਈ ਹਮੇਸ਼ਾ ਮੌਜੂਦ ਰਹਿੰਦਾ ਹੈ।"

- *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

"ਸੇਵਾਵਾਂ ਤੱਕ ਪਹੁੰਚ, ਸਿਹਤ ਦਾ ਮੁੱਖ ਸਾਧਨ ਹੁੰਦਾ ਹੈ। ਹੁਣ ਲੋਕਾਂ ਨੂੰ ਪਹਿਲਾਂ ਤੋਂ ਕਿਤੇ ਵੱਧ, ਹਰ ਤਰ੍ਹਾਂ ਦੇ ਪ੍ਰੋਗਰਾਮਾਂ ਤੱਕ ਤੁਰੰਤ ਅਤੇ ਅਸਾਨ ਪਹੁੰਚ ਦੀ ਲੋੜ ਹੈ, ਜਿਵੇਂ ਫੂਡ ਡਿਲੀਵਰੀ, ਫੂਡ ਬੈਂਕਸ, ਮਾਨਸਿਕ ਸਿਹਤ ਸਬੰਧੀ ਸੇਵਾਵਾਂ ਅਤੇ ਆਰਥਿਕ ਸਹਾਇਤਾ। 211 ਸੈਂਟਰਲ ਨੂੰ, ਨਿਵਾਸੀਆਂ ਨੂੰ ਮਹਾਂਮਾਰੀ ਦੇ ਦੌਰਾਨ ਲੋੜ ਪੈਣ ਤੇ, ਪ੍ਰੋਗਰਾਮਾਂ ਤੇ ਸੇਵਾਵਾਂ ਤੱਕ ਪਹੁੰਚਣ ਵਿੱਚ ਮਦਦ ਲਈ, ਸਿਟੀ ਆਫ ਬ੍ਰੈਂਪਟਨ ਨਾਲ ਭਾਈਵਾਲੀ ਕਰਕੇ ਬੇਹੱਦ ਖੁਸ਼ੀ ਹੈ।"

- *ਸੂ ਵਿਲਕਿਨਸਨ (Sue Wilkinson), ਐਗਜ਼ੀਕਿਊਟਿਵ ਡਾਇਰੈਕਸ਼ਨ, ਫਾਈਂਡਹੈਲਪ | 211 ਸੈਂਟਰਲ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਊਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca